# ਦਫਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਵਾਰਡ ਨੰ: 20 ਦੇ ਮੁਹੱਲਾ ਅਦਰਸ਼ ਨਗਰ ਨੂੰ ਜਾਣ ਵਾਲੀ ਸੜਕ ਦਾ ਨੀਹ ਪੱਥਰ ਰਖਿਆ।

## 42 ਲੱਖ ਰੁਪਏ ਦੀ ਲਾਗਤ ਨਾਲ ਬਣੇਗੀ ਪ੍ਰੀਮਿਕਸ ਰੋਡ

ਹੁਸ਼ਿਆਰਪੁਰ 20 ਮਈ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਨੇ 42 ਲੱਖ ਰੁਪਏ ਦੀ ਲਾਗਤ ਨਾਲ ਵਾਰਡ ਨੰ: 20 ਦੇ ਮੁਹੱਲਾ ਅਦਰਸ਼ ਨਗਰ ਨੂੰ ਜਾਣ ਵਾਲੀ ਪੱਕੀ ਸੜਕ ਦਾ ਨੀਹ ਪੱਥਰ ਰਖਣ ਉਪਰੰਤ ਭਾਰੀ ਇਕੱਠ ਨੂੰ ਸਬੋਧਨ ਕਰਦਿਆ ਦੱਸਿਆ ਕਿ ਉਹਨ੍ਹਾਂ ਵੱਲੋਂ ਪਿਛਲੇ ਦਿਨੀ ਇਸ ਨਗਰ ਦੀਆਂ ਮੁਸ਼ਕਲਾਂ ਦੀ ਜਾਣਕਾਰੀ ਲੈਣ ਸਬੰਧੀ ਦੋਰਾ ਕੀਤਾ ਸੀ ਉਸ ਸਮੇਂ ਅਦਰਸ਼ ਨਗਰ ਵਾਸੀਆਂ ਵੱਲੋਂ ਬਿਜਲੀ ਦੀ ਸਪਲਾਈ ਸ਼ਹਿਰ ਦੇ ਫੀਡਰ ਨਾਲ ਜ਼ੋੜਨ, ਅਦਰਸ਼ ਨਗਰ ਨੂੰ ਮੇਨ ਰੋਡ ਤੱਕ ਪੱਕੀ ਸੜਕ ਨਾਲ ਜ਼ੋੜਨ, ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਦੇਣ ਸਬੰਧੀ ਮੰਗ ਕੀਤੀ ਸੀ ਉਹਨ੍ਹਾਂ ਦੀ ਮੰਗ ਅਨੁਸਾਰ ਅੱਜ ਸੜਕ ਦੀ ਨੀਹ ਪੱਥਰ ਰਖਿਆ ਗਿਆ ਹੈ। ਇਸ ਦਾ ਨਿਰਮਾਨ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਉਹਨ੍ਹਾਂ ਨੇ ਦਸਿਆ ਕਿ ਬਿਜਲੀ ਦੀ ਸਪਲਾਈ ਸ਼ਹਿਰ ਦੇ ਫੀਡਰ ਨਾਲ ਜ਼ੋੜ ਦਿੱਤੀ ਗਈ ਹੈ ਅਤੇ ਇਸ ਨਗਰ ਵਿੱਚ ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਵੀ ਜਲਦ ਮੁਹੱਈਆਂ ਕਰਵਾਈ ਜਾਵੇਗੀ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਇਸ ਮੋਕੇ ਤੇ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਹਰ ਵਾਰਡ ਵਿੱਚ ਬਿਨ੍ਹਾਂ ਭੇਦ-ਭਾਵ ਅਤੇ ਕੋਸਲਰਾਂ ਵੱਲੋ ਕੀਤੀ ਮੰਗ ਅਨੁਸਾਰ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ।ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੰਪਲਾਵਾਲਾ ਨੇ ਵੀ ਇਸ ਮੋਕੇ ਤੇ ਵਾਰਡ ਨੰਬਰ 20 ਵਿੱਚ ਕਰਵਾਏ ਜਾ ਰਹੇ ਕਾਰਜਾਂ ਸਬੰਧੀ ਜਾਣਕਾਰੀ ਦਿੱਤੀ।ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਐਸ.ਡੀ.ਓ ਕੁਲਦੀਪ ਸਿੰਘ, ਜੇ.ਈ ਲਵਦੀਪ ਸਿੰਘ, ਕੌਂਸਲਰ ਨਿਪੁਨ ਸ਼ਰਮਾ, ਬਿਕਰਮ ਸਿੰਘ ਕਲਸੀ, ਨਰਿੰਦਰ ਸਿੰਘ, ਵਿਨੋਦ ਪਰਮਾਰ, ਰਾਮਦੇਵ ਯਾਦਵ, ਇੰਦਰ ਪਾਲ ਸਿੰਘ, ਠਾਕੁਰ ਸਿੰਘ, ਬੂਟਾ ਰਾਮ, ਲਖਵੀਰ ਸਿੰਘ, ਕਾਲੀ ਦਾਸ, ਸੁਰਿੰਦਰ ਪਾਲ, ਵੇਦ ਪ੍ਰਕਾਸ਼, ਮੋਹਨ ਲਾਲ, ਜ਼ਸਵੰਤ ਸਿੰਘ ਰਾਏ, ਪਰਮਜੀਤ ਸਿੰਘ, ਮਹਿੰਦਰ ਕੌਰ, ਕੁੰਦਨ ਸਿੰਘ, ਹੀਰਾ ਲਾਲ, ਸਤਪਾਲ, ਕੁਲਦੀਪ ਸਿੰਘ ਅਤੇ ਅਦਰਸ਼ ਨਗਰ ਦੇ ਨਿਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।